ਪਾਠ 2

## ਗੁਰੂ ਨਾਨਕ ਸਾਹਿਬ: ਇੱਕ ਨਵਾਂ ਧਰਮ ਅਤੇ ਨਵਾਂ ਪੰਥ

1. ਭੂਮਿਕਾ
2. ਸਮਕਾਲੀ ਰਾਜਨੀਤੀ ਅਤੇ ਪ੍ਰਸ਼ਾਸਨ ਦੀ ਤਿੱਖੀ ਆਲੋਚਨਾ
3. ਸਮਕਾਲੀ ਸਮਾਜਿਕ ਵਿਵਸਥਾ ਦੀ ਸਮੀਖਿਆ
4. ਸਮਕਾਲੀ ਧਰਮਾਂ ਲਈ ਪ੍ਰਤੀਕਿਰਿਆ
5. ਗੁਰੂ ਨਾਨਕ ਸਾਹਿਬ ਦਾ ਧਰਮ
6. ਸਿੱਖ ਪੰਥ

### 1. ਭੂਮਿਕਾ

1.1 ਗੁਰੂ ਨਾਨਕ ਸਾਹਿਬ (1469-1539) ਦੀਆਂ ਰਚਨਾਵਾਂ ਦਾ ਅਧਿਐਨ ਕਰਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੂੰ ਸਮਕਾਲੀ ਰਾਜਨੀਤੀ, ਸਮਾਜ ਅਤੇ ਧਰਮਾਂ ਦੀ ਪੂਰੀ ਜਾਣਕਾਰੀ ਸੀ। ਉਨ੍ਹਾਂ ਨੇ ਸਮਕਾਲੀ ਹਾਲਾਤ ਨੂੰ ਇੱਕ ਨਵੀਂ ਵਿਚਾਰਧਾਰਾ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ, ਜੋ ਕਿ ਉਨ੍ਹਾਂ ਦੇ ਆਪਣੇ ਅਨੁਭਵ ਅਤੇ ਗਿਆਨ ਤੇ ਆਧਾਰਿਤ ਸੀ। ਵੱਡੀ ਗਿਣਤੀ ਵਿੱਚ ਲੋਕਾਂ ਨੇ ਉਨ੍ਹਾਂ ਦੇ ਦਿਖਾਏ ਰਸਤੇ ਨੂੰ ਸਵੀਕਾਰਨ ਦਾ ਹੁੰਗਾਰਾ ਦਿੱਤਾ।ਇਸ ਤਰ੍ਹਾਂ, ਇੱਕ ਨਵਾਂ ਪੰਥ ਹੋਂਦ ਵਿੱਚ ਆਇਆ।

### 2. ਸਮਕਾਲੀ ਰਾਜਨੀਤੀ ਅਤੇ ਪ੍ਰਸ਼ਾਸਨ ਦੀ ਤਿੱਖੀ ਆਲੋਚਨਾ

2.1 ਗੁਰੂ ਨਾਨਕ ਸਾਹਿਬ ਅਫ਼ਗਾਨ ਹਾਕਮਾਂ ਵਲੋਂ ਸਥਾਪਿਤ ਰਾਜਨੀਤਕ-ਪ੍ਰਸ਼ਾਸਨਿਕ ਵਿਵਸਥਾ, ਖ਼ਾਸ ਕਰਕੇ ਜੋ ਪੰਜਾਬ ਵਿੱਚ ਪ੍ਰਚਲਿਤ ਸੀ, ਤੋਂ ਭਲੀ-ਭਾਂਤ ਜਾਣੂ ਸਨ। ਉਨ੍ਹਾਂ ਦੀ ਇਹ ਜਾਣਕਾਰੀ ਉਸ ਵੇਲੇ ਦੇ ਰਾਜਨੀਤਕ ਹਾਲਾਤ ਬਾਰੇ ਡੂੰਘੇ ਸਰੋਕਾਰ ਵੱਲ ਇਸ਼ਾਰਾ ਕਰਦੀ ਹੈ। ਉਨ੍ਹਾਂ ਨੇ ਸਮਕਾਲੀ ਰਾਜ ਵਿਵਸਥਾ ਦਾ ਸਿੱਧੇ ਤੌਰ ਤੇ ਖੰਡਨ ਕੀਤਾ। ਗੁਰੂ ਨਾਨਕ ਸਾਹਿਬ ਦੇ ਅਨੁਸਾਰ ਹਾਕਮ ਬੇਇਨਸਾਫ਼ ਸਨ; ਉਹ ਹਿੰਦੂਆਂ ਤੋਂ ਜਜ਼ੀਆ ਅਤੇ ਤੀਰਥ ਯਾਤਰਾ ਕਰ ਵਸੂਲਦੇ ਸਨ। ਹਾਕਮ ਜਮਾਤ ਕਾਸ਼ਤਕਾਰਾਂ ਅਤੇ ਆਮ ਲੋਕਾਂ ਦਾ ਵੀ ਦਮਨ ਕਰਦੀ ਸੀ। ਹਾਕਮ ਸਿਰਫ਼ ਰਿਸ਼ਵਤ ਲੈ ਕੇ ਹੀ ਇਨਸਾਫ਼ ਕਰਦੇ ਸਨ। ਗੁਰੂ ਸਾਹਿਬ ਨੇ ਆਖਿਆ ਹੈ, ' ਰਾਜੇ ਸੀਹ ਮੁਕਦਮ ਕੁਤੇ॥ਜਾਇ ਜਗਾਇਨਿ ਬੈਠੇ ਸੁਤੇ॥ਚਾਕਰ ਨਹਦਾ ਪਾਇਨਿ ਘਾਉ॥ਰਤੁ ਪਿਤੁ ਕੁਤਿਹੋ ਚਟਿ ਜਾਹੁ॥'

2.2 ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਸੱਚੇ ਪ੍ਰਮੇਸ਼ਰ, ਜੋ ਕਿ ਸੱਚਾ ਪਾਤਸ਼ਾਹ ਅਤੇ ਰਾਜਿਆਂ ਦਾ ਰਾਜਾ ਹੈ, ਨਾਲ ਜੁੜਨ ਦਾ ਉਪਦੇਸ਼ ਦਿੱਤਾ। 'ਉਸ' ਦੀ ਸੇਵਾ ਹੀ ਸੱਚੀ ਸੇਵਾ ਹੈ। ਜਿਸ ਨੂੰ ਸੱਚੇ ਪਾਤਸ਼ਾਹ ਦੀ ਸ਼ਰਨ ਮਿਲ ਗਈ ਉਸ ਨੂੰ ਕਿਸੇ ਹੋਰ ਦੁਨਿਆਵੀ ਬਾਦਸ਼ਾਹ ਵੱਲ ਦੇਖਣ ਦੀ ਜ਼ਰੂਰਤ ਨਹੀਂ। ਪਲ ਵਿੱਚ 'ਉਹ' ਬਲਵਾਨ ਨੂੰ ਨੀਵਾਂ ਕਰ ਸਕਦਾ ਹੈ ਅਤੇ ਨੀਵੇਂ ਮਨੁੱਖ ਨੂੰ ਰਾਜਾ ਬਣਾ ਸਕਦਾ ਹੈ। 'ਉਹ' ਸੱਚੇ-ਸੁੱਚੇ ਨੂੰ ਦੁਸ਼ਟ ਤੋਂ ਬਚਾਉਂਦਾ ਹੈ ਅਤੇ ਸੱਚੇ-ਸੁੱਚੇ ਦਾ ਰੁਤਬਾ ਬੁਲੰਦ ਕਰਦਾ ਹੈ।

**3. ਸਮਕਾਲੀ ਸਮਾਜਿਕ ਵਿਵਸਥਾ ਦੀ ਸਮੀਖਿਆ**

3.1 ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਉਨ੍ਹਾਂ ਦੀ ਉਸ ਸਮੇਂ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਦੀ ਜਾਣਕਾਰੀ ਦਰਸਾਉਂਦੀਆਂ ਹਨ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਸਾਰਾ ਜਗਤ ਪ੍ਰਮੇਸ਼ਰ ਦੇ ਨੂਰ ਨਾਲ ਭਰਿਆ ਹੋਇਆ ਹੈ। ਸਿਰਫ਼ ਪ੍ਰਮੇਸ਼ਰ ਹੀ ਜੀਵਾਂ ਦੀ ਜ਼ਿੰਦਗੀ ਦਾ ਦਾਤਾ ਹੈ। ਉਸ ਸਮੇਂ ਦੇ ਜਾਤ-ਪਾਤ ਅਤੇ ਸਮਾਜਿਕ ਭੇਦ-ਭਾਵ ਇਸ ਧਾਰਨਾ ਨਾਲ ਮੇਲ ਨਹੀਂ ਖਾਂਦੇ ਸਨ। ਪ੍ਰਮੇਸ਼ਰ ਦੀ ਕੋਈ ਜਾਤ ਨਹੀਂ; 'ਉਸ' ਲਈ ਜਾਤ ਦਾ ਕੋਈ ਮਹੱਤਵ ਨਹੀਂ। ਕੋਈ ਵੀ ਆਦਮੀ ਆਪਣੇ ਜਨਮ ਜਾਂ ਜਾਤ ਦੇ ਆਧਾਰ ਤੇ ਉੱਤਮ ਜਾਂ ਨੀਚ ਨਹੀਂ ਬਣਦਾ; ਅਤੇ ਨਾ ਹੀ ਇਸ ਆਧਾਰ ਤੇ ਕਿਸੇ ਨੂੰ ਨੀਚ ਸਮਝਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਨੇ ਨਿਮਨ ਜਾਤੀਆਂ ਅਤੇ ਸਮਾਜ ਦੇ ਨਿਮਨ ਵਰਗਾਂ ਨਾਲ ਸਾਂਝ ਕਾਇਮ ਕੀਤੀ। ਗੁਰੂ ਸਾਹਿਬ ਦੇ ਸ਼ਬਦਾਂ ਵਿੱਚ, 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥'

3.2 ਬ੍ਰਾਹਮਣ ਅਤੇ ਖੱਤਰੀਆਂ ਦਾ ਹੰਕਾਰ ਵਿਅਰਥ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਹਾਕਮਾਂ ਦੀ ਨੌਕਰੀ ਕਰਦੇ ਸਨ, ਉਨ੍ਹਾਂ ਦੀਆਂ ਕਿਤਾਬਾਂ ਪੜ੍ਹਦੇ ਸਨ ਅਤੇ ਉਨ੍ਹਾਂ ਦਾ ਪਹਿਰਾਵਾ ਪਹਿਨਦੇ ਸਨ। ਬਹੁਤ ਸਾਰੇ ਖੱਤਰੀਆਂ ਨੇ ਹਾਕਮਾਂ ਦੀ ਭਾਸ਼ਾ ਅਰਥਾਤ ਫਾਰਸੀ ਅਤੇ ਤੌਰ-ਤਰੀਕੇ ਅਪਣਾ ਲਏ ਸਨ। ਉਹ ਹਾਕਮਾਂ ਦੇ ਦਮਨਕਾਰੀ ਅਮਲੇ ਦਾ ਹਿੱਸਾ ਬਣ ਚੁੱਕੇ ਸਨ।

3.3 ਸਮਾਜਿਕ ਅਸਲੀਅਤ ਵਰਣ ਵੰਡ ਦੀ ਵਿਵਸਥਾ ਨਾਲ ਮੇਲ ਨਹੀਂ ਖਾਂਦੀ ਸੀ। ਉੱਚ ਜਾਤੀਆਂ ਦਾ ਅਸਲੀ ਕਾਰਜ ਉਨ੍ਹਾਂ ਲਈ ਦਰਸਾਏ ਨਿਰਧਾਰਿਤ ਕਰਤੱਵ ਅਨੁਸਾਰ ਨਹੀਂ ਸੀ। ਸੱਚੇ ਬ੍ਰਾਹਮਣ ਨੂੰ ਚਾਹੀਦਾ ਸੀ ਕਿ ਉਹ ਆਪਣੇ ਆਚਰਣ ਦੁਆਰਾ ਮੁਕਤੀ ਪਾਏ। ਇੱਕ ਸੱਚੇ ਖੱਤਰੀ ਦਾ ਕਰਤੱਵ ਸੀ ਕਿ ਉਹ ਯੁੱਧ ਵਿੱਚ ਸੂਰਬੀਰ ਬਣੇ। ਬ੍ਰਾਹਮਣਾਂ ਅਤੇ ਖੱਤਰੀਆਂ ਦਾ ਹੁਣ ਇਹ ਕਰਤੱਵ ਨਹੀਂ ਰਹਿ ਗਿਆ ਸੀ। ਅਸਲ ਵਿੱਚ, ਜੋ ਸੱਚ ਦੇ ਮਾਰਗ ਤੇ ਚੱਲਦੇ ਸਨ ਉਹੀ ਅਸਲੀ ਬ੍ਰਾਹਮਣ ਅਤੇ ਜੋ ਬਹਾਦਰੀ ਨਾਲ ਲੜ੍ਹਦੇ ਸਨ ਉਹ ਹੀ ਸੱਚੇ ਖੱਤਰੀ ਕਹਾ ਸਕਦੇ ਸਨ। ਇਹ ਗਿਰਾਵਟ ਬ੍ਰਾਹਮਣ ਅਤੇ ਖੱਤਰੀਆਂ ਤੱਕ ਹੀ ਸੀਮਤ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਆਪਣੀਆਂ ਜਾਤਾਂ ਦੇ ਜੰਜਾਲ ਵਿੱਚੋਂ ਬਾਹਰ ਲਿਆਉਣ ਲਈ ਪੁਕਾਰਿਆ ਤਾਂ ਕਿ ਉਹ ਸੱਚੇ ਮਾਰਗ ਤੇ ਚੱਲ ਸਕਣ; ਉਨ੍ਹਾਂ ਨੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ

ਰੂਹਾਨੀ ਪੁਨਰਸੁਰਜੀਤੀ ਅਤੇ ਸਵੈ-ਵਿਸ਼ਵਾਸ਼ੀ ਬਨਣ ਲਈ ਉਤਸ਼ਾਹਿਤ ਕੀਤਾ। ਮਨੁੱਖ ਚੰਗੇ ਕਰਮ ਕਰੇ ਅਤੇ ਆਪਣੇ ਆਪ ਨੂੰ ਨਿਮਰ ਸਮਝੇ; ਉਹ ਹਰੇਕ ਨੂੰ ਉੱਤਮ ਸਮਝੇ ਕਿਉਂਕਿ 'ਕੋਈ ਵੀ ਨੀਚ ਨਹੀਂ ਹੈ'।

3.4 ਸਮਾਜਿਕ ਸਮਾਨਤਾ ਦਾ ਵਿਚਾਰ ਅਤੇ ਰੂਹਾਨੀ ਤਰੱਕੀ ਲਈ ਅਵਸਰ ਇੱਕੋ ਹੀ ਸਮਾਜਿਕ-ਧਾਰਮਿਕ ਸਿੱਕੇ ਦੇ ਦੋ ਪਹਿਲੂ ਹਨ। ਰੂਹਾਨੀ ਤਰੱਕੀ ਲਈ ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣ ਅਤੇ ਖੱਤਰੀ ਦੇ ਨਾਲ ਉਨ੍ਹਾਂ ਨੂੰ ਇੱਕੋ ਪੱਧਰ ਤੇ ਰੱਖਿਆ ਜਿਨ੍ਹਾਂ ਨੂੰ ਸ਼ੂਦਰ ਅਤੇ ਅਛੂਤ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਔਰਤ ਅਤੇ ਆਦਮੀ ਵੀ ਬਰਾਬਰ ਹਨ। ਗੁਰੂ ਨਾਨਕ ਸਾਹਿਬ ਲਈ ਜਾਤ-ਪਾਤ ਅਤੇ ਲਿੰਗ ਦਾ ਫ਼ਰਕ, ਦੇਸ਼ ਅਤੇ ਧਰਮ ਦੇ ਫ਼ਰਕ ਦੀ ਤਰ੍ਹਾਂ, ਆਤਮਿਕ ਮੁਕਤੀ ਲਈ ਬੇਮਤਲਬ ਸੀ।

## 4. ਸਮਕਾਲੀ ਧਰਮਾਂ ਲਈ ਪ੍ਰਤੀਕਿਰਿਆ

4.1 ਗੁਰੂ ਨਾਨਕ ਸਾਹਿਬ ਨੂੰ ਮੁੱਖ ਸਮਕਾਲੀ ਧਾਰਮਿਕ ਵਿਸ਼ਵਾਸ਼ਾਂ ਅਤੇ ਪ੍ਰਥਾਵਾਂ ਵਿੱਚ ਦਿਲਚਸਪੀ ਸੀ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ। ਉਹ ਜਾਣੂ ਸਨ ਕਿ ਉਲੇਮਾ ਜਾਂ ਸ਼ੇਖ ਕੀ ਸਨ; ਉਨ੍ਹਾਂ ਨੂੰ ਪਤਾ ਸੀ ਕਿ ਪੰਡਿਤ ਅਤੇ ਜੋਗੀ ਕਿਸ ਦੀ ਪ੍ਰਤੀਨਿਧਤਾ ਕਰਦੇ ਸਨ; ਉਨ੍ਹਾਂ ਨੂੰ ਜੈਨ ਜਤੀਆਂ ਬਾਰੇ ਵੀ ਜਾਣਕਾਰੀ ਸੀ; ਅਤੇ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਨੂੰ ਪੂਜਣ ਵਾਲਿਆਂ ਦੀਆਂ ਰਸਮਾਂ ਬਾਰੇ ਵੀ। ਇਹ ਮਹੱਤਵਪੂਰਨ ਹੈ ਕਿ ਗੁਰੂ ਨਾਨਕ ਸਾਹਿਬ ਆਪਣੀਆਂ ਰਚਨਾਵਾਂ ਵਿੱਚ ਕਿਸੇ ਵੀ ਸਮਕਾਲੀ ਧਰਮ ਨਾਲ ਆਪਣੇ ਆਪ ਨੂੰ ਨਹੀਂ ਜੋੜਦੇ।



ਗੁਰੂ ਨਾਨਕ ਸਾਹਿਬ ਅਤੇ ਮਰਦਾਨਾ ਸਿੱਧਾਂ ਨਾਲ ਬਟਾਲਾ ਦੇ ਨੇੜੇ ਅਚਲ ਵਿੱਚ
ਬੀ-40 ਜਨਮਸਾਖੀ (1733 ਈ.) ਤੋਂ

4.2 ਜੈਨ ਜਤੀਆਂ ਦਾ ਗੁਰੂ ਜੀ ਨੇ ਯਥਾਰਤਕ ਵਰਨਣ ਕੀਤਾ ਹੈ। ਉਹ ਸੰਸਾਰ ਤਿਆਗੀ ਸਨ। ਉਹ ਕਿਸੇ ਜੀਵ ਜਾਂ ਪ੍ਰਾਣੀ ਨੂੰ ਕੋਈ ਚੋਟ ਨਹੀਂ ਪਹੁੰਚਾਉਂਦੇ ਸਨ। ਗੁਰੂ ਨਾਨਕ ਸਾਹਿਬ ਨੇ ਇਹ ਵੀ ਦੱਸਿਆ ਕਿ ਜੈਨੀ ਜਤੀ ਬ੍ਰਾਹਮਣਾਂ ਵਾਲੇ ਕੋਈ ਕਰਮਕਾਂਡ ਨਹੀਂ ਕਰਦੇ ਸਨ।

4.3 ਗੁਰੂ ਨਾਨਕ ਸਾਹਿਬ ਦੇ ਪ੍ਰਮੇਸ਼ਰ ਦੇ ਸੰਕਲਪ ਦੇ ਅਨੁਸਾਰ ਕੋਈ ਵੀ ਹਿੰਦੂ ਦੇਵੀ-ਦੇਵਤਾ ਉਸ ਸਰਬਸ਼ਕਤੀਮਾਨ ਪ੍ਰਮੇਸ਼ਰ ਦੇ ਬਰਾਬਰ ਨਹੀਂ ਹੋ ਸਕਦਾ। ਪ੍ਰਮੇਸ਼ਰ ਨੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਪੈਦਾ ਕੀਤਾ; ਸ਼ਿਵ-ਸ਼ਕਤੀ ਵੀ ਉਸਦੀ ਹੀ ਰਚਨਾ ਹੈ। ਹਰ ਇੱਕ ਵਸਤੂ ਪ੍ਰਮੇਸ਼ਰ ਦੀ ਹੀ ਰਚਨਾ ਹੈ। ਮਨੁੱਖੀ ਸਰੂਪ ਵਾਲੇ ਅਵਤਾਰ, ਪ੍ਰਮੇਸ਼ਰ ਦੀ ਮਹਾਨਤਾ ਵਿੱਚ ਕੁਝ ਵੀ ਵਾਧਾ ਨਹੀਂ ਕਰ ਸਕਦੇ। ਵੇਦਾਂ, ਪੁਰਾਣਾਂ, ਸਿਮਰਤੀਆਂ ਅਤੇ ਸ਼ਾਸ਼ਤਰਾਂ ਦੀ ਭਾਸ਼ਾ, ਜੋ ਕਿ ਸੰਸਕ੍ਰਿਤ ਸੀ, ਮੁੱਠੀ ਭਰ ਲੋਕ ਹੀ ਸਮਝਦੇ ਸਨ।ਇਸ ਲਈ ਸਿਰਫ਼ ਇਨ੍ਹਾਂ ਗਰੰਥਾਂ ਨੂੰ ਸੁਨਣ ਤੋਂ ਕੋਈ ਲਾਭ ਨਹੀਂ ਮਿਲ ਸਕਦਾ ਸੀ।

**ਗੁਰੂ ਨਾਨਕ (1469-1539)**

ਗੁਰੂ ਨਾਨਕ ਸਾਹਿਬ ਦਾ ਜਨਮ 1469 ਵਿਚ ਤਲਵੰਡੀ ਰਾਇ ਭੋਆ (ਭੋਇ) (ਜੋ ਇਸ ਵੇਲੇ ਪਾਕਿਸਤਾਨ ਵਿਚ ਹੈ ਅਤੇ ਨਨਕਾਣਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ) ਵਿਚ ਹੋਇਆ। ਉਹ ਸੰਵੇਦਨਸ਼ੀਲ ਅਤੇ ਜਗਿਆਸੂ ਸਨ। ਉਨ੍ਹਾਂ ਦਾ ਵਿਆਹ ਬਟਾਲਾ ਵਿਖੇ ਹੋਇਆ। ਉਹ ਫਿਰ ਸੁਲਤਾਨਪੁਰ ਚਲੇ ਗਏ, ਜਿਥੇ ਉਨ੍ਹਾਂ ਨੇ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਵਿਚ ਕੰਮ ਕੀਤਾ। ਇਕ ਰੂਹਾਨੀ ਅਨੁਭਵ ਨੇ ਉਨ੍ਹਾਂ ਨੂੰ ਨਵੀਂ ਵਿਚਾਰਧਾਰਾ ਦਾ ਪ੍ਰਚਾਰਕ ਬਣਾਇਆ। ਸੰਨ 1500 ਦੇ ਲਗਭਗ ਉਨ੍ਹਾਂ ਨੇ ਆਪਣੀਆਂ ਉਦਾਸੀਆਂ (ਯਾਤਰਾਵਾਂ) ਸ਼ੁਰੂ ਕੀਤੀਆਂ। ਇਨ੍ਹਾਂ ਦੌਰਾਨ ਉਹ ਮਹੱਤਵਪੂਰਨ ਧਾਰਮਿਕ ਕੇਂਦਰਾਂ ਤੇ ਗਏ ਅਤੇ ਵਿਭਿੰਨ ਧਾਰਮਿਕ ਮਤਾਂ ਦੇ ਨੁਮਾਇੰਦਿਆਂ ਨਾਲ ਗੋਸ਼ਟ ਅਤੇ ਵਿਚਾਰ ਵਟਾਂਦਰੇ ਕੀਤੇ। ਸੰਨ 1520 ਤੋਂ ਬਾਅਦ ਉਨ੍ਹਾਂ ਆਪਣੀਆਂ ਉਦਾਸੀਆਂ ਤੋਂ ਵਾਪਸ ਆ ਕੇ ਸਿੱਖ ਪੰਥ ਦੇ ਕੇਂਦਰ ਵਜੋਂ ਕਰਤਾਰਪੁਰ (ਅਜੋਕੇ ਡੇਰਾ ਬਾਬਾ ਨਾਨਕ ਦੇ ਸਾਹਮਣੇ) ਵਸਾਇਆ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਦੇ ਆਪਣੇ ਹੀ ਵਿਲਖੱਣ ਵਿਚਾਰ ਅਤੇ ਵਿਹਾਰ ਸਨ। ਸੰਨ 1539 ਵਿਚ ਉਨ੍ਹਾਂ ਨੇ ਆਪਣੇ ਅਤਿਅੰਤ ਸ਼ਰਧਾਲੂ ਸਿੱਖ, ਭਾਈ ਲਹਿਣਾ (ਗੁਰੂ ਅੰਗਦ) ਨੂੰ ਆਪਣੀ ਥਾਂ ਗੁਰੂ ਥਾਪ ਦਿੱਤਾ। ਗੁਰੂ ਨਾਨਕ ਸਾਹਿਬ ਦੇ ਇਸ ਵਿਲੱਖਣ ਫੈਸਲੇ ਨਾਲ ਸਿੱਖ ਗੁਰੂ ਬਣ ਗਿਆ ਅਤੇ ਗੁਰੂ ਸਿੱਖ ਬਣ ਗਿਆ। ਇਹ ਸਿੱਖੀ ਵਿੱਚ ਗੁਰਿਆਈ ਦੀ ਏਕਤਾ ਦੇ ਸਿਧਾਂਤ ਦਾ ਆਧਾਰ ਬਣ ਗਿਆ।

4.4 ਗੁਰੂ ਨਾਨਕ ਸਾਹਿਬ ਨੇ ਰਸਮੀ ਢੰਗ ਨਾਲ ਪੂਜਾ ਕਰਨ ਦੀਆਂ ਵਿਧੀਆਂ ਅਤੇ ਧਾਰਮਿਕ ਕਿਰਿਆਵਾਂ, ਜੋ ਰੂਹਾਨੀਅਤ ਤੋਂ ਬਿਨ੍ਹਾਂ ਸਨ, ਦਾ ਵੀ ਖੰਡਨ ਕੀਤਾ। ਇਸ ਤਰ੍ਹਾਂ, ਉਨ੍ਹਾਂ ਦੇ ਅਨੁਸਾਰ ਤੀਰਥਾਂ ਦੀ ਯਾਤਰਾ ਵਿੱਚ ਕੋਈ ਵੀ ਲਾਭ ਨਹੀਂ ਸੀ। ਰੂਹਾਨੀਅਤ ਦੀ ਕਸੌਟੀ ਤੇ ਹੀ ਉਹ ਮੂਰਤੀ ਪੂਜਾ, ਗਰੰਥਾਂ ਦਾ ਰਸਮੀ ਪਾਠ, ਹਵਨ ਕਰਨ ਅਤੇ ਰਸਮੀ ਦਾਨ-ਦਕਸ਼ਨਾ ਵਿੱਚ ਕੋਈ ਗੁਣ ਨਹੀਂ ਦੇਖਦੇ ਸਨ।

4.5 ਪੰਡਿਤ ਜਾਂ ਪੁਰੋਹਤ, ਜੋ ਕਿ ਇਨ੍ਹਾਂ ਭਰਮਾਂ ਅਤੇ ਧਾਰਮਿਕ ਰਸਮਾਂ ਦਾ ਰੱਖਿਅਕ ਸੀ, ਦੀ ਗੁਰੂ ਨਾਨਕ ਸਾਹਿਬ ਨੇ ਆਲੋਚਨਾ ਕੀਤੀ। ਪੰਡਿਤ ਇਸ ਗੱਲ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਕਿ 'ਪ੍ਰਮੇਸ਼ਰ ਤਾਂ ਉਸ ਦੇ ਅੰਦਰ ਹੈ'। ਇਸ

ਲਈ ਪੁਰੋਹਤ ਦੁਆਰਾ ਕਰਵਾਈਆਂ ਗਈਆਂ ਰਮਮਾਂ ਦਾ ਕੋਈ ਲਾਭ ਨਹੀਂ। ਸਗੋਂ ਉਸਦਾ ਆਪਣਾ ਲਾਭ ਇਨ੍ਹਾਂ ਰਸਮਾਂ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜ਼ੋਰ ਦਿੰਦੇ ਹਨ ਕਿ ਬਿਨਾਂ ਸੱਚੇ ਵਿਸ਼ਵਾਸ਼ ਦੇ ਪਵਿੱਤਰ ਧਾਗਾ, ਮੱਥੇ ਤੇ ਲੱਗਾ ਪਵਿੱਤਰ ਤਿਲਕ, ਬੇਦਾਗ ਧੋਤੀ ਅਤੇ ਹੱਥ ਵਿੱਚ ਮਾਲਾ ਸਭ ਬੇਅਰਥ ਹਨ।

4.6 ਗੁਰੂ ਨਾਨਕ ਸਾਹਿਬ ਜਿਨਾਂ ਧਿਆਨ ਪੰਡਿਤ ਨੂੰ ਦਿੰਦੇ ਹਨ ਉਨ੍ਹਾਂ ਹੀ ਜੋਗੀ ਨੂੰ ਵੀ ਦਿੰਦੇ ਹਨ। ਜੋਗੀਆਂ ਦੇ ਵਿਸ਼ਵਾਸ਼ਾਂ ਅਤੇ ਰੀਤੀ ਰਿਵਾਜਾਂ ਦੇ ਵੀ ਉਹ ਓਨੇ ਹੀ ਜਾਣਕਾਰ ਸਨ। ਗੁਰੂ ਨਾਨਕ ਸਾਹਿਬ ਜੋਗੀਆਂ ਦੀ ਦੈਵੀ-ਸ਼ਕਤੀਆਂ ਪਾਉਣ ਦੀ ਇੱਛਾ ਦੀ ਕੋਈ ਪ੍ਰਸੰਸਾ ਨਹੀਂ ਕਰਦੇ। ਗੁਰੂ ਨਾਨਕ ਸਾਹਿਬ ਇਹ ਨਹੀਂ ਮੰਨਦੇ ਕਿ ਕੋਈ ਵੀ ਵਿਅਕਤੀ ਕਠਿਨ ਮਾਨਸਿਕ-ਸ਼ਰੀਰਕ ਕਿਰਿਆਵਾਂ ਨਾਲ ਹੀ ਮੁਕਤੀ ਪਾ ਸਕਦਾ ਹੈ। ਨਾ ਹੀ ਉਹ ਮੁਕਤੀ ਪ੍ਰਾਪਤ ਕਰਨ ਲਈ ਜੋਗੀਆਂ ਦੀ ਸੰਸਾਰਿਕ ਤਿਆਗ (ਉਦਾਸੀਨਤਾ) ਦੇ ਵਿਚਾਰ ਨਾਲ ਸਹਿਮਤ ਸਨ। ਗੁਰੂ ਨਾਨਕ ਸਾਹਿਬ ਅਨੁਸਾਰ ਲਗਾਤਾਰ ਪ੍ਰਮੇਸ਼ਰ ਦੀ ਭਗਤੀ ਹੀ ਅਸਲ ਸਹਿਜ-ਸਮਾਧੀ ਹੈ; ਗੁਰੂ ਦੇ ਸ਼ਬਦ ਵਿੱਚ ਜਜ਼ਬ ਹੋਣਾ ਹੀ ਅਸਲੀ ਤਾੜੀ ਹੈ; ਪ੍ਰਮੇਸ਼ਰ ਦਾ 'ਨਾਮ' ਹੀ ਮਹਾਂ-ਅੰਮ੍ਰਿਤ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੋਗੀਆਂ ਨੂੰ ਇੱਕ ਵੱਖਰਾ ਰਾਹ ਦੱਸਦੇ ਹਨ।



ਗੁਰੂ ਨਾਨਕ ਸਾਹਿਬ ਅਤੇ ਗੋਰਖਨਾਥੀ ਜੋਗੀ
19ਵੀਂ ਸਦੀ ਦੇ ਆਰੰਭ ਵਿੱਚ ਇੱਕ ਪਹਾੜੀ ਚਿੱਤਰਕਾਰ ਵਲੋਂ ਬਣਾਇਆ ਰੇਖਾ ਚਿੱਤਰ
ਗੌਰਮਿੰਟ ਮਿਊਜ਼ਿਅਮ ਐਂਡ ਆਰਟ ਗੈਲਰੀ, ਚੰਡੀਗੜ੍ਹ

4.7 ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਵਿੱਚ ਕਿਧਰੇ ਕਿਧਰੇ ਅਵਤਾਰਾਂ ਦੇ ਜ਼ਿਕਰ ਤੋਂ ਪਤਾ ਲਗਦਾ ਹੈ ਕਿ ਉਹ ਇਨ੍ਹਾਂ ਦੇ ਭਗਤਾਂ ਦੇ ਧਾਰਮਿਕ ਵਿਚਾਰਾਂ ਅਤੇ ਵਿਹਾਰਾਂ ਨਾਲ ਸਹਿਮਤ ਨਹੀਂ ਸਨ। ਗੁਰੂ ਨਾਨਕ ਸਾਹਿਬ ਅਵਤਾਰ ਦੇ ਸਿਧਾਂਤ ਨੂੰ ਨਹੀਂ ਮੰਨਦੇ। ਉਨ੍ਹਾਂ ਦੇ ਅਨੁਸਾਰ ਸਾਰਾ ਬ੍ਰਹਿਮੰਡ ਪ੍ਰਮੇਸ਼ਰ ਦੇ ਗੁਣਗਾਨ ਲਈ ਘੁੰਮ ਰਿਹਾ ਹੈ। ਇਸ ਲਈ ਨੱਚ ਕੇ ਪ੍ਰਮੇਸ਼ਰ ਨੂੰ ਪ੍ਰਸੰਨ ਕਰਨ ਦੀ ਪ੍ਰਥਾ ਦਾ ਵੀ ਕੋਈ ਲਾਭ ਨਹੀਂ ਸੀ।

4.8 ਮੁਸਲਮਾਨਾਂ ਦੇ ਮਾਮਲੇ ਵਿੱਚ ਗੁਰੂ ਨਾਨਕ ਸਾਹਿਬ ਉਲੇਮਾ (ਇਸਲਾਮ ਦੇ ਵਿਦਵਾਨ) ਦੇ ਮੁਕਾਬਲੇ ਸੂਫ਼ੀਆਂ ਨੂੰ ਪਹਿਲ ਦਿੰਦੇ ਹਨ। ਉਲੇਮਾ ਸ਼ਰੀਅਤ (ਇਸਲਾਮੀ ਕਾਨੂੰਨ) ਦੀ ਉਸਤਤ ਕਰਦੇ ਹਨ ਅਤੇ ਉਸ ਦਾ ਅਧਿਐਨ ਕਰਦੇ ਹਨ, ਪਰ ਪ੍ਰਮੇਸ਼ਰ ਦੇ ਸੱਚੇ ਸੇਵਕ 'ਉਸਦੇ' ਦੀਦਾਰ ਲਈ ਦਾਸ ਬਣ ਜਾਂਦੇ ਹਨ। ਜੋ ਸੱਚੇ ਮੁਸਲਮਾਨ ਬਣਨਾ ਚਾਹੁੰਦੇ ਹਨ ਉਹ ਪਹਿਲਾਂ ਸੂਫ਼ੀ ਵਲੀਆਂ ਦਾ ਮਾਰਗ ਅਪਨਾਉਣ। ਉਹ ਰੱਬੀ ਰਜ਼ਾ ਨੂੰ ਖਿੜੇ ਮੱਥੇ ਮੰਨਣ, ਆਪਣੀ ਹਉਮੇ ਨੂੰ ਮਿਟਾ ਕੇ ਪ੍ਰਮੇਸ਼ਰ ਨੂੰ ਸੱਚਾ ਸਿਰਜਣਹਾਰ ਮੰਨਣ। ਤਦ ਹੀ ਉਹ 'ਉਸਦੀ' ਮਿਹਰ ਦਾ ਪਾਤਰ ਬਣ ਸਕਦੇ ਹਨ।

4.9 ਗੁਰੂ ਨਾਨਕ ਸਾਹਿਬ ਵਲੋਂ ਸੂਫ਼ੀਆਂ ਦੇ ਮਾਰਗ ਦੀ ਤੁਲਨਾਤਮਕ ਉਸਤਤ ਦਾ ਇਹ ਮਤਲਬ ਨਹੀਂ ਕਿ ਉਹ ਸੂਫ਼ੀਆਂ ਦੇ ਵਿਹਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਇੱਕ ਸੱਚਾਦਰਵੇਸ਼ ਹਰ ਚੀਜ਼ ਤਿਆਗ ਦਿੰਦਾ ਹੈ, ਆਪਣੇ ਆਪ ਨੂੰ ਵੀ, ਤਾਂ ਕਿ ਉਹ ਪ੍ਰਮੇਸ਼ਰ ਨੂੰ ਪਾ ਸਕੇ; ਅਤੇ ਆਪਣਾ ਪੂਰਨ ਵਿਸ਼ਵਾਸ਼ 'ਉਸ' ਵਿੱਚ ਰੱਖਦਾ ਹੈ। ਪਰ ਬਹੁਤ ਸਾਰੇ ਸੂਫ਼ੀ ਸ਼ੇਖ ਹਾਕਮਾਂ ਵਲੋਂ ਦਿੱਤੀਆਂ ਮਾਲੀਆ-ਮੁਕਤ ਜ਼ਗੀਰਾਂ ਤੇ ਗੁਜ਼ਾਰਾ ਕਰਦੇ ਸਨ। ਪ੍ਰਮੇਸ਼ਰ ਦੀ ਦਰਗਾਹ ਵਿੱਚ ਆਪਣੀ ਜਗ੍ਹਾ ਪੱਕੀ ਮਿੱਥਕੇ, ਸ਼ੇਖ ਦੂਜਿਆਂ ਨੂੰ ਭੀ ਇਹ ਤਸੱਲੀ ਦਿੰਦਾ ਸੀ ਅਤੇ ਉਨ੍ਹਾਂ ਨੂੰ ਬਾਕੀ ਲੋਕਾਂ ਦੀ ਅਗਵਾਈ ਕਰਨ ਹਿੱਤ ਟੋਪੀਆਂ ਬਖ਼ਸ਼ਦਾ ਸੀ, ਅਰਥਾਤ ਅਧਿਕਾਰ ਦਿੰਦਾ ਸੀ। ਗੁਰੂ ਨਾਨਕ ਸਾਹਿਬ ਸ਼ੇਖਾਂ ਦੇ ਦੁਨਿਆਵੀ ਧੰਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਨੂੰ ਯਾਦ ਕਰਵਾਉਂਦੇ ਹਨ ਕਿ ਉਨ੍ਹਾਂ ਦੇ ਆਪਣੇ ਸਿਧਾਂਤ ਮੁਤਾਬਿਕ ਸਦੀਵੀ ਕੇਵਲ ਪ੍ਰਮੇਸ਼ਰ ਹੀ ਹੈ। ਧਰਤੀ ਤੇ ਆਕਾਸ਼ ਖ਼ਤਮ ਹੋ ਜਾਣਗੇ, ਪ੍ਰਮੇਸ਼ਰ ਅਤੇ ਸਿਰਫ਼ 'ਉਹੀ' ਸਦਾ ਰਹਿੰਦਾ ਹੈ।

.........



ਪਾਕਪਟਨ ਵਿਖੇ ਗੁਰੂ ਨਾਨਕ ਸਾਹਿਬ ਅਤੇ ਸ਼ੇਖ ਇਬਰਾਹਿਮ
ਇੱਕ ਗੁਲੇਰ ਦੇ ਚਿੱਤਰਕਾਰ ਵਲੋਂ ਬਣਾਇਆ ਰੇਖਾ ਚਿੱਤਰ (18ਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿੱਚ)
ਗੌਰਮਿੰਟ ਮਿਊਜ਼ਿਅਮ ਐਂਡ ਆਰਟ ਗੈਲਰੀ, ਚੰਡੀਗੜ੍ਹ

## 5. ਗੁਰੂ ਨਾਨਕ ਸਾਹਿਬ ਦਾ ਧਰਮ

5.1 ਗੁਰੂ ਨਾਨਕ ਸਾਹਿਬ ਦੇ ਧਰਮ ਨੂੰ ਸਮਝਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਪ੍ਰਮੇਸ਼ਰ ਦਾ 'ਤਬਲ-ਬਾਜ਼' ਜਾਂ ਦੂਤ ਕਹਿੰਦੇ ਹਨ ਜੋ ਕਿ 'ਉਸ' ਦੇ ਸੱਚ ਦੀ ਘੋਸ਼ਣਾ ਕਰਨ ਲਈ ਆਏ ਹਨ। ਉਹ ਆਪਣੇ ਆਪ ਨੂੰ 'ਢਾਡੀ' ਵੀ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਉਹ ਇੱਕ 'ਵਿਹਲੇ ਢਾਡੀ' ਸਨ। ਉਨ੍ਹਾਂ ਨੂੰ ਪ੍ਰਮੇਸ਼ਰ ਨੇ 'ਉਸਦੀ' ਉਸਤਤ ਕਰਨ ਦਾ ਹੁਕਮ ਦਿੱਤਾ ਅਤੇ ਨਾਮ ਦੀ ਦਾਤ ਦਿੱਤੀ ਜੋ ਕਿ ਮੁਕਤੀ ਦਾ ਸਾਧਨ ਹੈ। ਹੁਣ ਢਾਡੀ ਦਾ ਕੰਮ ਹੈ 'ਸ਼ਬਦ' ਦੀ ਘੋਸ਼ਣਾ ਕਰਨਾ। ਗੁਰੂ ਨਾਨਕ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਉਨ੍ਹਾਂ ਨੂੰ ਪ੍ਰਮੇਸ਼ਰ ਨੇ ਸੱਚ, ਨਾਮ ਅਤੇ ਸ਼ਬਦ ਦੇ ਧਰਮ ਦੇ ਪ੍ਰਚਾਰਕ ਵਜੋਂ ਨਿਯੁਕਤ ਕੀਤਾ ਹੈ।

5.2 ਗੁਰੂ ਨਾਨਕ ਸਾਹਿਬ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪ੍ਰਮੇਸ਼ਰ ਨਿਰਾਕਾਰ ਹੈ। 'ਉਸ' ਦਾ ਕੋਈ ਵੀ ਭੌਤਿਕ ਨਿਸ਼ਾਨ ਨਹੀ, 'ਉਹ' ਮਨੁੱਖ ਦੀ ਪਹੁੰਚ ਤੋਂ ਪਰ੍ਹੇ ਹੈ। 'ਉਹ' ਅਸੀਮ ਹੈ, ਅਨਾਦਿ, ਅਦਿੱਖ, ਅਨੰਤ, ਵਿਖਿਆਨ ਤੋਂ ਪਰ੍ਹੇ,

ਸਦਾ ਸਥਿਰ, ਜੋ ਨਾ ਮਰਦਾ ਨਾ ਪੈਦਾ ਹੁੰਦਾ ਹੈ। ਪ੍ਰਮੇਸ਼ਰ ਨੇ ਬ੍ਰਹਿਮੰਡ ਨੂੰ ਪੈਦਾ ਕੀਤਾ ਅਤੇ ਉਸਦੇ ਵਿੱਚ ਉਹ ਗੁਣ ਪਾਏ ਜੋ 'ਉਸਨੂੰ' ਸਮਝਣ ਦਾ ਸਾਧਨ ਹਨ। ਇੱਕ 'ਉਹ', ਆਪ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਹੈ, ਅਤੇ 'ਉਹ' ਸਭ ਕੁੱਝ ਕਰਨ-ਕਰਾਵਨ ਹਾਰ ਹੈ।

5.3 ਪ੍ਰਮੇਸ਼ਰ ਇੱਕ ਹੈ, ਕੋਈ ਦੂਸਰਾ ਨਹੀਂ ਤੇ ਨਾ ਹੀ ਕੋਈ 'ਉਸਦਾ' ਸ਼ਰੀਕ ਹੈ। ਪ੍ਰਮੇਸ਼ਰ ਬੇਅੰਤ ਸ਼ਕਤੀ ਦਾ ਮਾਲਿਕ ਹੈ ਅਤੇ 'ਉਸਦੀ' ਸਤ੍ਹਾ ਸੰਪੂਰਨ ਹੈ। 'ਉਹ' ਵਗਦਿਆਂ ਦਰਿਆਵਾਂ ਨੂੰ ਰੇਤੜ ਟਿੱਬਿਆਂ ਵਿੱਚ ਬਦਲ ਸਕਦਾ ਹੈ, ਅਤੇ ਰੇਗਿਸਤਾਨ ਨੂੰ ਅਥਾਹ ਡੂੰਘੇ ਪਾਣੀਆਂ ਵਿਚ ਬਦਲ ਸਕਦਾ ਹੈ। 'ਉਹ' ਕੀੜੀ ਨੂੰ ਰਾਜ ਬਖ਼ਸ਼ ਸਕਦਾ ਹੈ ਅਤੇ 'ਉਹ' ਪੂਰੀ ਫ਼ੌਜ ਨੂੰ ਮਿੱਟੀ ਵਿੱਚ ਮਿਲਾ ਸਕਦਾ ਹੈ। ਪ੍ਰਮੇਸ਼ਰ ਹਰ ਜਗ੍ਹਾ ਮੌਜੂਦ ਹੈ, ਅੰਤਰਵਿਆਪੀ ਅਤੇ ਸਰਬਸ਼ਕਤੀਮਾਨ ਹੈ।

5.4 ਪ੍ਰਮੇਸ਼ਰ ਦੀ ਜੋਤਿ ਸਾਰੇ ਸੰਸਾਰ ਦੀ ਰਚਨਾ ਵਿੱਚ ਚਮਕਦੀ ਹੈ, ਉਸਦੀ ਜੋਤਿ ਹਰ ਵਸਤੂ ਅਤੇ ਵਿਅਕਤੀ ਵਿੱਚ ਹੈ। ਅਸੀਂ ਜਿੱਧਰ ਵੀ ਝਾਤੀ ਮਾਰਦੇ ਹਾਂ, ਹਰ ਜਗ੍ਹਾ 'ਉਹ' ਮੌਜੂਦ ਹੈ। ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ। 'ਉਹ' ਦੂਰ ਨਹੀਂ, ਪਾਸ ਹੈ। 'ਉਹ' ਤਿੰਨੋਂ ਜਹਾਨਾਂ ਵਿੱਚ ਸਮਾਇਆ ਹੈ। ਪਾਣੀ ਦੇ ਤੁਪਕੇ ਵਿੱਚ ਸਮੁੰਦਰ ਹੈ ਅਤੇ ਸਮੁੰਦਰ ਵਿਚ ਤੁਪਕਾ ਹੈ। 'ਉਹ' ਆਪ ਹੀ ਬੋਲ, ਬੋਲਣ ਵਾਲਾ ਅਤੇ ਸੁਣਨ ਵਾਲਾ ਹੈ। ਹਰ ਇੱਕ ਸ਼ੈਅ 'ਉਹ' ਹੈ। 'ਉਹ' ਅੰਦਰ ਵੀ ਅਤੇ ਬਾਹਰ ਵੀ ਹੈ।

5.5 ਪ੍ਰਮੇਸ਼ਰ ਨਾਲ ਸਾਰਥਕ ਰਿਸ਼ਤਾ ਜੋੜਨ ਲਈ ਇਹ ਜਾਣਨਾ ਜ਼ਰੂਰੀ ਹੈ ਕਿ 'ਉਹ' 'ਉਸਦੀ' ਆਪਣੀ ਰਚਨਾ ਵਿਚ ਦ੍ਰਿਸ਼ਮਾਨ ਹੈ। ਪ੍ਰਮੇਸ਼ਰ ਦੀ ਰਚਨਾ ਭਰਮ ਨਹੀਂ ਹੈ। ਪਰ ਸਦੀਵੀ ਨਹੀਂ ਹੈ। ਸਿਰਫ਼ ਪ੍ਰਮੇਸ਼ਰ ਹੀ ਸਦਾ ਕਾਇਮ ਰਹਿਣ ਵਾਲਾ ਹੈ। ਸਾਰੇ ਸੰਸਾਰ ਨੂੰ ਪ੍ਰਮੇਸ਼ਰ ਦੀ ਰਚਨਾ ਸਮਝਣਾ ਹੀ 'ਸੱਚ' ਨੂੰ ਪਹਿਚਾਣਨਾ ਹੈ। ਮਨੁੱਖ ਉਦੋਂ ਹੀ ਸੱਚਾ ਬਣਦਾ ਹੈ ਜਦੋਂ ਉਹ 'ਸੱਚ' ਅਨੁਸਾਰ ਚੱਲਦਾ ਹੈ। ਉਨ੍ਹਾਂ ਹੀ ਜ਼ਰੂਰੀ ਹੈ 'ਨਾਮ' ਅਤੇ 'ਸ਼ਬਦ' ਨੂੰ ਨਮਿੱਤ ਰੱਖਣਾ। ਨਾਮ ਤੋਂ ਬਿਨ੍ਹਾਂ ਕੋਈ ਪੂਰਤੀ ਨਹੀਂ। 'ਨਾਮ' ਵਿਚ ਹੀ ਅਸਲੀ ਸ਼ਕਤੀ ਹੈ, ਫ਼ੌਜ ਦੀ ਤਾਕਤ ਹੈ ਅਤੇ ਸੁਲਤਾਨ ਦੀ ਸੱਤਾ ਹੈ। ਪ੍ਰਮੇਸ਼ਰ ਦਾ ਨਾ ਕੋਈ ਰੰਗ, ਨਾ ਰੂਪ ਜਾਂ ਭੌਤਿਕ ਨਿਸ਼ਾਨ ਨਹੀਂ, ਉਹ ਤਾਂ ਸ਼ਬਦ ਰਾਹੀਂ ਪ੍ਰਗਟ ਹੁੰਦਾ ਹੈ। 'ਨਾਮ' ਅਤੇ 'ਸ਼ਬਦ' ਗੁਰ ਪ੍ਰਮੇਸ਼ਰ ਦੇ ਪ੍ਰਗਟ ਕੀਤੇ ਹੋਏ ਹਨ। 'ਸੱਚ' ਦੀ ਪਹਿਚਾਣ 'ਉਸ' ਰੂਹਾਨੀ ਗੁਰੂ ਦੀ ਬਖਸ਼ਿਸ਼ ਨਾਲ ਮਿਲਦੀ ਹੈ। ਬਿਨ੍ਹਾਂ 'ਸੱਚੇ ਗੁਰੂ' ਦੇ ਉਹ ਅਗਿਆਨਤਾ ਦੇ ਅੰਧੇਰੇ ਵਿੱਚ ਭਟਕਦਾ ਰਹਿੰਦਾ ਹੈ। ਪ੍ਰਮੇਸ਼ਰ ਦਾ ਭਾਣਾ (ਹੁਕਮ, ਰਜ਼ਾ) ਮੰਨਣਾ ਵੀ ਉਨਾਂ ਹੀ ਜ਼ਰੂਰੀ ਹੈ। ਜੋ ਕੁਝ ਵੀ ਵਾਪਰਦਾ ਹੈ ਉਹ ਪ੍ਰਮੇਸ਼ਰ ਦੇ ਹੁਕਮ ਨਾਲ ਹੁੰਦਾ ਹੈ।

5.6 ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਪ੍ਰਮੇਸ਼ਰ ਦੀ ਮਿਹਰ (ਨਦਰ, ਕ੍ਰਿਪਾ, ਕਰਮ, ਪ੍ਰਸਾਦਿ, ਦਇਆ, ਬਖਸ਼ਿਸ਼) ਦੇ ਸੰਕਲਪ ਦੀ ਬਹੁਤ ਮਹੱਤਤਾ ਹੈ। ਪ੍ਰਮੇਸ਼ਰ ਦੇ ਪ੍ਰਸਾਦਿ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। 'ਸੱਚੇ ਗੁਰੂ' ਦੇ ਕਰਮ ਨਾਲ ਹੀ ਅਗਿਆਨਤਾ ਖ਼ਤਮ ਹੁੰਦੀ ਹੈ ਅਤੇ 'ਸੱਚ' ਦੀ ਰੌਸ਼ਨੀ ਨਜਰ ਆ ਜਾਂਦੀ ਹੈ। 'ਨਾਮ' ਦੀ ਸੌਗਾਤ ਪ੍ਰਮੇਸ਼ਰ ਦੇ ਕਰਮ ਨਾਲ ਹੀ ਮਿਲਦੀ ਹੈ। 'ਉਸਦੀ' ਮਿਹਰ ਨਾਲ ਹੀ ਪ੍ਰਮੇਸ਼ਰ ਦੇ ਭਾਣੇ ਦੀ ਪਹਿਚਾਣ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਦੇ ਪ੍ਰਮੇਸ਼ਰ ਦੀ ਬਖਸ਼ਿਸ਼ ਦਾ ਸਿਧਾਂਤ ਕੇਵਲ ਮਨੁੱਖੀ ਕੋਸ਼ਿਸ਼ਾਂ ਨਾਲ ਮੁਕਤੀ ਦੀ ਪ੍ਰਾਪਤੀ ਨੂੰ ਨਿਕਾਰ ਦਿੰਦਾ ਹੈ।

5.7 ਮਨੁੱਖੀ ਕੋਸ਼ਿਸ਼ ਕਾਫੀ ਨਹੀਂ, ਪਰ ਇਹ ਨਿਸ਼ਚਿਤ ਤੌਰ ਤੇ ਜ਼ਰੂਰੀ ਹੈ। ਪ੍ਰਮੇਸ਼ਰ ਨਾਲ ਪਿਆਰ, ਸ਼ਰਧਾ ਅਤੇ ਸਮਰਪਣ ਹੀ ਸੱਚੀ ਭਗਤੀ ਹੈ ਜਿਸ ਤੋਂ ਬਿਨ੍ਹਾਂ ਮੁਕਤੀ ਨਹੀਂ ਮਿਲ ਸਕਦੀ। ਭਗਤੀ ਨਾਲ ਭੈਅ ਵੀ ਜੁੜਿਆ ਹੈ, ਇਸ ਲਈ ਭੈਅ-ਭਗਤੀ ਬਹੁਤ ਵਾਰ ਇੱਕੋ ਹੀ ਸਿਧਾਂਤ ਮੰਨਿਆ ਜਾਂਦਾ ਹੈ। ਜਿਨ੍ਹਾਂ ਦੇ ਮਨ ਵਿੱਚ ਪ੍ਰਮੇਸ਼ਰ ਲਈ ਭੈਅ ਹੈ, ਸਿਰਫ਼ ਉਹ ਹੀ ਭਗਤੀ ਕਰ ਸਕਦੇ ਹਨ। ਪ੍ਰਮੇਸ਼ਰ ਦਾ ਭੈਅ ਮੌਤ ਦੇ ਡਰ ਦਾ ਇਲਾਜ ਹੈ। ਜਿਸ ਦੇ ਮਨ ਵਿੱਚ ਪ੍ਰਮੇਸ਼ਰ ਦਾ ਭੈਅ ਹੈ ਉਸਨੂੰ ਹੋਰ ਕਿਸੇ ਕਿਸਮ ਦਾ ਡਰ ਨਹੀਂ ਰਹਿੰਦਾ।

5.8 ਪ੍ਰਮੇਸ਼ਰ ਦੀ 'ਸੱਚਾਈ' ਦੇ ਮੁਕਾਬਲੇ, 'ਉਸਦੀ' ਜਗਤ ਰਚਨਾ 'ਝੂਠ' ਹੈ, ਅਤੇ ਇੱਕ ਭਰਮ-ਜਾਲ ਹੈ। ਜਿਨਾਂ ਚਿਰ ਮਨੁੱਖ ਸ੍ਰਿਸ਼ਟੀ ਦੇ ਮੋਹ ਨਾਲ ਜੁੜਿਆ ਹੈ ਉਹ ਦੁਬਿੱਧਾ ਦਾ ਦੁੱਖ ਝੱਲਦਾ ਹੈ। ਦੁਨਿਆਵੀ ਵਸਤੂਆਂ ਦਾ ਮੋਹ 'ਸੱਚ' ਦੇ ਮਾਰਗ ਨੂੰ ਬੰਦ ਕਰ ਦਿੰਦਾ ਹੈ। ਮਾਇਆ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵੱਲ ਨੂੰ ਖਿੱਚਦੀ ਹੈ। ਮਨੁੱਖ ਲਈ ਆਪਣੇ ਇਨ੍ਹਾਂ ਪੰਜ ਦੁਸ਼ਮਣਾਂ ਨੂੰ ਦਬਾਉਣਾ ਬਹੁਤ ਕਠਿਨ ਹੈ। ਪਰ ਇਸ ਗੱਲ ਤੇ ਕੋਈ ਸਮਝੌਤਾ ਨਹੀਂ ਹੋ ਸਕਦਾ, ਕਿਉਂਕਿ ਮਨੁੱਖ ਦਾ ਮਾਇਆ ਨਾਲ ਜੋੜ ਅਤੇ ਪ੍ਰਮੇਸ਼ਰ ਲਈ ਭਗਤੀ ਦਾ ਕੋਈ ਮੇਲ ਮਿਲਾਪ ਨਹੀਂ ਹੈ।

5.9 ਮਨੁੱਖ ਦੇ ਪੰਜ ਦੁਸ਼ਮਣਾਂ ਵਿਚੋਂ ਹੰਕਾਰ ਜਦੋਂ ਹਉਮੈ ਵਿੱਚ ਬਦਲ ਜਾਂਦਾ ਹੈ ਤਾਂ ਹੋਰ ਵੀ ਖ਼ਤਰਨਾਕ ਹੋ ਜਾਂਦਾ ਹੈ। ਦਰਅਸਲ ਹੰਕਾਰ ਹਉਮੈ ਤੋਂ ਹੀ ਪੈਦਾ ਹੁੰਦਾ ਹੈ। ਪ੍ਰਮੇਸ਼ਰ ਦੀ ਥਾਂ ਸਭ ਵਸਤੂਆਂ ਨੂੰ ਮਨੁੱਖ ਆਪਣੇ ਆਪ ਨਾਲ ਜੋੜਦਾ ਹੈ, ਜੋ ਕਿ ਸੱਚਾਈ ਅਤੇ ਪ੍ਰਮੇਸ਼ਰ ਦੇ ਭਾਣੇ ਦੇ ਵਿਰੁੱਧ ਹੈ। ਇਸ ਤਰ੍ਹਾਂ ਹਉਮੈ ਪ੍ਰਮੇਸ਼ਰ ਨੂੰ ਸਰਬਸ਼ਕਤੀਮਾਨ ਮੰਨਣ ਦੇ ਉਲਟ ਹੈ। ਇਸ ਲਈ ਇਹ ਮਨੁੱਖ ਅਤੇ ਪ੍ਰਮੇਸ਼ਰ ਵਿਚਕਾਰ ਇੱਕ ਮਾਨਸਿਕ ਅੜਿੱਕਾ ਹੈ।

5.10 ਗੁਰੂ ਨਾਨਕ ਸਾਹਿਬ ਦੇ ਮੁਕਤੀ ਮਾਰਗ ਦੇ ਸਿਧਾਂਤ ਨੇ 'ਕਰਮ ਦੇ ਸਿਧਾਂਤ' ਨੂੰ ਖ਼ਾਰਜ ਕਰ ਦਿੱਤਾ। ਉਨ੍ਹਾਂ ਨੇ ਕਰਮ ਦੀ ਧਾਰਣਾ ਨੂੰ ਅੱਛੇ ਕੰਮ ਕਰਨ ਦੇ ਉੱਪਰ ਜ਼ੋਰ ਦੇਣ ਲਈ ਵਰਤਿਆ। ਉਹ ਕਹਿੰਦੇ ਹਨ ਕਿ ਦੂਜਿਆਂ ਤੇ ਇਲਜ਼ਾਮ ਨਾ ਲਗਾਉ; ਤੁਸੀਂ ਜੋ ਕਰਦੇ ਹੋ ਉਸਦਾ ਫ਼ਲ ਜਾਂ ਦੰਡ ਹੀ ਤੁਹਾਨੂੰ ਮਿਲਦਾ ਹੈ। ਲੋਕ ਕਰਮ ਦੇ ਸਿਧਾਂਤ ਨੂੰ ਜਨਮ ਦੇ ਭੇਦ-ਭਾਵ ਨੂੰ ਸਪੱਸ਼ਟ ਕਰਨ ਲਈ ਵਰਤਦੇ ਹਨ। ਪਰ, ਗੁਰੂ ਨਾਨਕ ਸਾਹਿਬ ਅਨੁਸਾਰ, 'ਕਰਮ ਦਾ ਸਿਧਾਂਤ' ਪ੍ਰਮੇਸ਼ਰ ਦੇ ਹੁਕਮ ਤੋਂ ਅਲੱਗ ਨਹੀਂ ਹੋ ਸਕਦਾ। ਇਹ ਸਿਧਾਂਤ ਪ੍ਰਮੇਸ਼ਰ ਦੇ ਹੁਕਮ ਦੇ ਅਧੀਨ ਹੈ ਜੋ ਕਿ ਮਹੱਤਵ ਤੋਂ ਬਿਨ੍ਹਾਂ ਨਹੀਂ ਹੈ। ਕਰਮਾਂ ਦੀ ਕੜੀ ਬੇਸ਼ੱਕ ਪ੍ਰਮੇਸ਼ਰ ਨੂੰ ਨਹੀਂ ਬੰਨ੍ਹ ਸਕਦੀ; ਜਦੋਂ ਕਿ 'ਉਸਦੀ' ਮਿਹਰ ਕਰਮਾਂ ਦੀ ਕੜੀ ਨੂੰ ਤੋੜਦੀ ਹੈ। ਇਸ ਸੰਧਰਭ ਵਿੱਚ ਮਨੁੱਖ ਦੇ ਆਚਾਰ ਨੂੰ ਵਧੇਰੇ ਮਹੱਤਵ ਮਿਲਦਾ ਹੈ। ਦਰਅਸਲ, ਗੁਰੂ ਨਾਨਕ ਸਾਹਿਬ ਲਈ ਮਨੁੱਖ ਦੇ ਜੀਵਨ ਵਿੱਚ ਸੱਚੇ ਆਚਾਰ ਤੋਂ ਮਹੱਤਵਪੂਰਨ ਹੋਰ ਕੁਝ ਵੀ ਨਹੀਂ।

## 6. ਸਿੱਖ ਪੰਥ

6.1 ਗੁਰੂ ਨਾਨਕ ਸਾਹਿਬ ਨੇ ਜੋ ਮਾਰਗ ਆਪਣੇ ਲਈ ਖੋਜਿਆ ਸੀ, ਉਸ ਨੂੰ ਦੂਜੇ ਲੋਕਾਂ ਤੱਕ ਪਹੁੰਚਾਉਣ ਲਈ ਉਹ ਖ਼ੁਦ ਮਾਰਗ ਦਰਸ਼ਕ ਬਣੇ। ਉਨ੍ਹਾਂ ਦਾ ਮਾਰਗ ਅਪਨਾਉਣ ਲਈ ਲੋਕ ਉਨ੍ਹਾਂ ਨਾਲ ਜੁੜਨੇ ਸ਼ੁਰੂ ਹੋ ਗਏ। ਉਹ ਆਪਣੇ ਸਿੱਖਾਂ ਅਤੇ ਸ਼ਰਧਾਲੂਆਂ ਨੂੰ ਬਕਾਇਦਾ ਸਿੱਖਿਆ ਦਿੰਦੇ ਸਨ। ਉਹ ਉਨ੍ਹਾਂ ਨੂੰ ਬਾਹਰੀ ਦਿਖਾਵਟ ਅਤੇ ਜਾਤ ਜਾਂ ਧਨ ਦੌਲਤ ਦੇ ਆਧਾਰ ਤੇ ਰੁਤਬੇ ਵਿੱਚ ਵਿਸ਼ਵਾਸ਼ ਨੂੰ ਨਿਕਾਰਨ ਦਾ ਉਪਦੇਸ਼ ਦਿੰਦੇ। ਉਹ ਉਨ੍ਹਾਂ ਨੂੰ ਪ੍ਰਮੇਸ਼ਰ ਲਈ ਪੂਰੀ ਤਰ੍ਹਾਂ ਸਮਰਪਿਤ ਹੋਣ ਦਾ ਉਪਦੇਸ਼ ਦਿੰਦੇ ਸਨ।

6.2 ਕਰਤਾਰਪੁਰ ਵਿੱਚ ਇੱਕ ਨਿਯਮਬੱਧ ਤਰੀਕੇ ਨਾਲ ਪ੍ਰਮੇਸ਼ਰ ਦੀ ਭਗਤੀ ਕੀਤੀ ਜਾਣ ਲੱਗੀ। ਤੜਕੇ ਦਾ ਸਮਾਂ ਚਿੰਤਨ ਨੂੰ ਦਿੱਤਾ ਜਾਂਦਾ ਸੀ। ਸਾਰੇ ਸ਼ਰਧਾਲੂ ਅਤੇ ਮਹਿਮਾਨ ਸਵੇਰੇ ਤੇ ਸ਼ਾਮ ਗੁਰੂ ਜੀ ਨਾਲ ਪ੍ਰਮੇਸ਼ਰ ਦੀ ਉਸਤੱਤ ਵਿੱਚ ਕੀਰਤਨ ਕਰਦੇ ਸਨ। ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਵਿੱਚ ਸੱਚੀ ਸੰਗਤ ਜਾਂ ਪ੍ਰਮੇਸ਼ਰ ਦੇ ਸੱਚੇ ਭਗਤਾਂ ਦੀ ਸੰਗਤ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਇਸ ਸਿਧਾਂਤ ਦੀ ਝਲਕ ਇੱਕਠੀ ਬੰਦਗੀ ਵਿੱਚ ਪਾਈ ਜਾਂਦੀ ਸੀ। ਸ਼ਰਧਾਲੂ ਅਤੇ ਯਾਤਰੀ ਕਿਸੇ ਜਾਤ-ਪਾਤ ਦੇ ਭੇਦ-ਭਾਵ ਤੋਂ ਬਿਨਾਂ ਇੱਕਠੇ ਬੈਠ ਕੇ ਲੰਗਰ ਛੱਕਦੇ ਸਨ। ਸਿੱਖ ਧਰਮ ਵਿੱਚ ਸ਼ਰਧਾ ਰੱਖਣ ਵਾਲੇ ਧਨ, ਰਾਸ਼ਣ ਜਾਂ ਸੇਵਾ ਵਿੱਚ ਹਿੱਸਾ ਪਾਉਂਦੇ ਸਨ।

..........



ਗੁਰੂ ਨਾਨਕ ਸਾਹਿਬ ਗੁਰੂ ਵਜੋਂ ਵਿਖਾਏ ਗਏ ਹਨ
19ਵੀਂ ਸਦੀ ਦੇ ਆਰੰਭ ਵਿੱਚ ਇੱਕ ਪਹਾੜੀ ਚਿੱਤਰਕਾਰ ਵਲੋਂ ਬਣਾਇਆ ਰੇਖਾ ਚਿੱਤਰ
ਗੌਰਮਿੰਟ ਮਿਊਜ਼ਿਅਮ ਐਂਡ ਆਰਟ ਗੈਲਰੀ, ਚੰਡੀਗੜ੍ਹ

6.3 ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂਆਂ ਦੀ ਗਿਣਤੀ ਜਾਂ ਉਨ੍ਹਾਂ ਦੇ ਸਮਾਜਿਕ ਪਿਛੋਕੜ ਦਾ ਅਨੁਮਾਨ ਲਗਾਣਾ ਕਠਿਨ ਹੈ। ਪਰ, ਬਿਨ੍ਹਾਂ ਸ਼ੱਕ ਦੇ, ਸ਼ਹਿਰਾਂ ਵਿੱਚ ਖੱਤਰੀ ਸ਼ਰਧਾਲੂਆਂ ਦੀ ਗਿਣਤੀ ਜ਼ਿਆਦਾ ਸੀ। ਉਹ ਛੋਟੇ ਵਪਾਰੀ, ਦੁਕਾਨਦਾਰ, ਵਪਾਰੀਆਂ ਦੇ ਕਰਿੰਦੇ ਅਤੇ ਫੇਰੀ ਪਾਉਣ ਵਾਲੇ ਸਨ। ਇਹ ਵੀ ਯਕੀਨੀ ਹੈ ਕਿ ਕਾਸ਼ਤਕਾਰ ਵੀ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਨ ਜਿਨ੍ਹਾਂ ਵਿੱਚੋਂ ਪਿੰਡਾਂ ਵਿੱਚ ਜੱਟ ਬਹੁਗਿਣਤੀ ਵਿੱਚ ਸਨ। ਉਸ ਤੋਂ ਬਾਅਦ ਕੁਝ ਸ਼ਿਲਪਕਾਰ ਅਤੇ ਦਸਤਕਾਰ ਸਨ, ਬੰਧਕ ਮਜ਼ਦੂਰ ਅਤੇ ਗੁਲਾਮ ਵੀ ਸਨ। ਸ਼ਰਧਾਲੂ, ਪਿੰਡਾਂ ਅਤੇ ਸ਼ਹਿਰਾਂ ਦੋਨਾਂ ਵਿਚੋਂ ਸਨ। ਉਨ੍ਹਾਂ ਵਿੱਚੋਂ ਬਹੁਗਿਣਤੀ ਵਿੱਚ ਛੋਟੀਆਂ ਜਾਤਾਂ ਵਿਚੋਂ ਸਨ, ਅਤੇ ਸਾਰੇ ਹੀ ਗ੍ਰਹਿਸਥੀ ਸਨ। ਉਹ ਆਪਣੇ ਵਿੱਚ ਸਭ ਨੂੰ ਬਰਾਬਰ ਸਮਝਦੇ ਸਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, 'ਅਸੀਂ ਨਾ ਉੱਚੇ ਹਾਂ ਨਾ ਨੀਵੇਂ, ਜਾਂ ਦਰਮਿਆਨੇ; ਅਸੀਂ ਪ੍ਰਮੇਸ਼ਰ ਦੀ ਸ਼ਰਣ ਲਈ ਹੈ, ਅਤੇ ਉਸੇ ਦੇ ਹੀ ਬੰਦੇ ਹਾਂ'।

6.4 ਗੁਰੂ ਨਾਨਕ ਸਾਹਿਬ ਨੇ ਆਪਣੇ ਅਤੇ ਆਪਣੇ ਸ਼ਰਧਾਲੂਆਂ ਲਈ ਪ੍ਰਮੇਸ਼ਰ ਦੀ ਭਗਤੀ ਦਾ ਸਭ ਤੋਂ ਮਹੱਤਵਪੂਰਨ ਤਰੀਕਾ ਆਪਣੀਆਂ ਹੀ ਰਚਨਾਵਾਂ ਦਾ ਸਿਮਰਣ ਕਰਨਾ ਸੀ। ਜਪੁਜੀ ਸਾਹਿਬ, ਸੋਦਰ ਅਤੇ ਬਹੁਤ ਸਾਰੀਆਂ ਹੋਰ ਰਚਨਾਵਾਂ ਗੁਰੂ ਨਾਨਕ ਸਾਹਿਬ ਨੇ ਖ਼ੁਦ ਲਿਖ ਕੇ ਅੰਕਿਤ ਕੀਤੀਆਂ ਸਨ। ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਦਾ ਇਹ ਪਹਿਲੂ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੇ ਸਮੇਂ ਅਤਿ-ਮਹੱਤਵਪੂਰਨ ਘਟਨਾਵਾਂ ਦਾ ਆਧਾਰ ਬਣਿਆ।



ਇੱਕ ਰਾਜਾ ਗੁਰੂ ਨਾਨਕ ਸਾਹਿਬ ਨੂੰ ਸ਼ਰਧਾ ਭੇਟ ਕਰਦਾ ਹੋਇਆ
ਬੀ-40 ਜਨਮਸਾਖੀ (1733 ਈ.) ਤੋਂ

6.5 ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਆਪਣੀ ਪਤਨੀ (ਮਾਤਾ ਸੁਲੱਖਣੀ) ਅਤੇ ਦੋ ਪੁੱਤਰਾਂ (ਸ੍ਰੀ ਚੰਦ ਅਤੇ ਲਖਮੀ ਦਾਸ) ਨਾਲ ਗ੍ਰਹਿਸਥ ਜੀਵਨ ਬਿਤਾਇਆ। ਇਸ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਉਹ ਸੰਸਾਰ ਤਿਆਗ (ਉਦਾਸੀਨਤਾ) ਦਾ ਸਮਰਥਨ ਨਹੀਂ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸੱਚ ਦਾ ਰਾਹ ਓਹੀ ਪਹਿਚਾਣ ਸਕਦਾ ਹੈ ਜੋ ਹੱਕ ਦੀ ਕਮਾਈ ਕਰੇ ਅਤੇ ਹੋਰਨਾਂ ਨੂੰ ਵੀ ਕੁੱਝ ਦੇ ਸਕੇ। ਇਸ ਵਿੱਚੋਂ ਪਰਉਪਕਾਰ ਦਾ ਵਿਚਾਰ ਝਲਕਦਾ ਹੈ। ਇਸ ਦਾ ਭਵਿੱਖ ਵਿੱਚ ਬਹੁਤ ਮਹੱਤਵ ਰਿਹਾ।



ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ
ਬੀ-40 ਜਨਮਸਾਖੀ (1733 ਈ.) ਤੋਂ

6.6 ਸੰਨ 1539 ਵਿੱਚ ਗੁਰੂ ਨਾਨਕ ਸਾਹਿਬ ਨੇ ਆਪਣੇ ਪੁੱਤਰਾਂ ਦੀ ਥਾਂ ਆਪਣੇ ਸ਼ਰਧਾਲੂਆਂ ਵਿਚੋਂ ਇੱਕ ਸਿੱਖ ਨੂੰ ਗੁਰੂ ਥਾਪਿਆ। ਆਪਣਾ ਉੱਤਰਾਧਿਕਾਰੀ ਚੁਣਨਾ ਕੋਈ ਨਵੀਂ ਗੱਲ ਨਹੀਂ ਸੀ; ਇਹ ਰਸਮ ਉਸ ਸਮੇਂ ਦੇ ਕੁੱਝ ਹੋਰ ਧਰਮ-ਸੰਘਾਂ ਵਿੱਚ ਪ੍ਰਚਲਿਤ ਸੀ। ਪਰ ਗੁਰੂ ਨਾਨਕ ਸਾਹਿਬ ਵਲੋਂ ਭਾਈ ਲਹਿਣਾ ਦੀ ਚੋਣ ਵਿਲੱਖਣ ਮੰਨੀ ਜਾਂਦੀ ਹੈ ਕਿਉਂਕਿ ਗੁਰੂ ਜੀ ਨੇ ਖ਼ੁਦ ਉਸ ਨੂੰ ਆਪਣੀ ਗੱਦੀ ਤੇ ਬਿਠਾਇਆ। ਉਨ੍ਹਾਂ ਦਾ ਨਾਮ ਵੀ ਲਹਿਣੇ ਤੋਂ ਅੰਗਦ ਰੱਖਿਆ, ਜਿਸ ਨਾਲ ਉਨ੍ਹਾਂ ਨੂੰ ਧਰਮ ਦੇ ਮੋਢੀ (ਗੁਰੂ ਨਾਨਕ ਸਾਹਿਬ) ਦਾ 'ਅੰਗ' ਬਣਾਇਆ। ਗੁਰੂ ਅੰਗਦ ਸਾਹਿਬ ਦੇ ਗੱਦੀ ਤੇ ਬੈਠਣ ਨਾਲ ਇਸ ਸਿਧਾਂਤ ਦਾ ਜਨਮ ਹੋਇਆ ਕਿ ਗੁਰੂ ਅਤੇ ਸਿੱਖ ਦੀ ਪਦਵੀ ਇੱਕ ਦੂਜੇ ਨਾਲ ਬਦਲੀ ਜਾ ਸਕਦੀ ਹੈ। ਧਰਮ ਦੇ ਮੋਢੀ (ਗੁਰੂ ਨਾਨਕ ਸਾਹਿਬ) ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਵਿੱਚ ਕੋਈ ਫ਼ਰਕ ਨਹੀਂ; ਉਹ ਇੱਕੋ ਜੋਤਿ ਦੇ ਰੂਪ ਹਨ। ਜੋ ਸਮੂਹ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਗੁਰ-ਸੰਗਤ, ਗੁਰ ਸੰਤ-ਸਭਾ ਜਾਂ ਸਿੱਖ ਸਭਾ ਕਰਕੇ ਜਾਣਿਆ ਜਾਂਦਾ ਸੀ, ਸਿੱਖ ਪੰਥ ਕਰਕੇ ਜਾਣਿਆ ਜਾਣ ਲੱਗਾ।

## ਪੁਸਤਕਾਵਲੀ


ਜੇ. ਐਸ. ਗਰੇਵਾਲ, *ਗੁਰੂ ਨਾਨਕ ਇਨ ਹਿਸਟਰੀ,* ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1998 (ਰੀਪ੍ਰਿੰਟ)।

ਜੇ. ਐਸ. ਗਰੇਵਾਲ, *ਦ ਸਿੱਖਸ ਆਫ ਦ ਪੰਜਾਬ*, ਕੈਂਬਰਿਜ ਯੂਨੀਵਰਸਿਟੀ ਪ੍ਰੈੱਸ, 2017 (ਰੀਪ੍ਰਿੰਟ)।

ਕਿਰਪਾਲ ਸਿੰਘ, *ਪ੍ਰਸਪੈਕਟਿਵਜ਼ ਆਨ ਸਿੱਖ ਗੁਰੂਜ਼,* ਨਵੀਂ ਦਿੱਲੀ: ਨੈਸ਼ਨਲ ਬੁੱਕ ਸ਼ਾਪ, 2000.


## ਅਭਿਆਸ

### ਭਾਗ-ੳ

1. **ਵਸਤੂਨਿਸ਼ਠ ਪ੍ਰਸ਼ਨ:**

**ਬਹੁਭਾਂਤੀ ਉੱਤਰ ਵਾਲੇ ਪ੍ਰਸ਼ਨ:**

i) ਹੇਠ ਲਿਖਿਆਂ ਵਿਚੋਂ ਕਿਹੜਾ ਸਾਲ ਗੁਰੂ ਨਾਨਕ ਸਾਹਿਬ ਦੇ ਨਾਲ ਸਬੰਧਤ ਹੈ?

(ੳ) 1451 (ਅ) 1461 (ੲ) 1469 (ਸ) 1559

ii) ਗੁਰੂ ਨਾਨਕ ਸਾਹਿਬ ਨੂੰ ਰੂਹਾਨੀ ਅਨੁਭਵ ਕਿਹੜੇ ਸਥਾਨ ਵਿਖੇ ਹੋਇਆ?

(ੳ) ਸੁਲਤਾਨਪੁਰ (ਅ) ਬਟਾਲਾ (ੲ) ਤਲਵੰਡੀ ਰਾਇ ਭੋਆ (ਸ) ਕਰਤਾਰਪੁਰ

iii) ਮੁਸਲਮਾਨਾਂ ਵਿੱਚ ਗੁਰੂ ਨਾਨਕ ਸਾਹਿਬ ਕਿਸ ਨੂੰ ਪਹਿਲ ਦਿੰਦੇ ਹਨ?

(ੳ) ਮੁਕੱਦਮ (ਅ) ਹਾਕਮ (ੲ) ਉਲੇਮਾ (ਸ) ਸੂਫ਼ੀ

iv) ਗੁਰੂ ਨਾਨਕ ਸਾਹਿਬ ਦੇ ਉੱਤਰਾਧਿਕਾਰੀ ਕੌਣ ਸਨ?

(ੳ)ਸ੍ਰੀ ਚੰਦ (ਅ) ਲੱਖਮੀ ਦਾਸ (ੲ) ਭਾਈ ਲਹਿਣਾ (ਸ) ਭਾਈ ਮਰਦਾਨਾ

**ਖਾਲੀ ਥਾਵਾਂ ਭਰੋ**:

i) ਗੁਰੂ ਨਾਨਕ ਸਾਹਿਬ............. ਹਾਕਮਾਂ ਦੇ ਸਮੇਂ ਦੀ ਰਾਜਨੀਤਿਕ-ਪ੍ਰਸ਼ਾਸ਼ਨਿਕ ਵਿਵਸਥਾਵਾਂ ਤੋਂ ਭਲੀ-ਭਾਂਤ ਜਾਣੂ ਸਨ।

ii) ਗੁਰੂ ਨਾਨਕ ਸਾਹਿਬ ਅਨੁਸਾਰ ਮੁਕਤੀ ਪ੍ਰਮੇਸ਼ਰ ਦੀ ........... ਤੋਂ ਬਿਨਾਂ ਸੰਭਵ ਨਹੀਂ।

iii) ਸਮਾਜਿਕ ਅਸਲੀਅਤ ............. ਦੀ ਵਿਵਸਥਾ ਨਾਲ ਮੇਲ ਨਹੀਂ ਖਾਂਦੀ ਸੀ।

iv) ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਤੋਂ ਵਾਪਿਸ ਆ ਕੇ ਸਿੱਖ ਪੰਥ ਦਾ ਕੇਂਦਰ............ ਵਸਾਇਆ।

**ਸਹੀ / ਗਲਤ**

i) ਅਫ਼ਗਾਨ ਹਾਕਮ ਹਿੰਦੂਆਂ ਤੋਂ ਤੀਰਥ ਯਾਤਰਾ ਕਰ ਵਸੂਲਦੇ ਸਨ।

ii) ਗੁਰੂ ਨਾਨਕ ਸਾਹਿਬ ਜੋਗੀਆਂ ਦੇ ਵਿਸ਼ਵਾਸ਼ਾਂ ਅਤੇ ਰਿਵਾਜਾਂ ਦੇ ਜਾਣਕਾਰ ਨਹੀਂ ਸਨ।

iii) ਗੁਰੂ ਨਾਨਕ ਸਾਹਿਬ ਨੇ ਰੂਹਾਨੀ ਤਰੱਕੀ ਲਈ ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿੱਤਾ।

iv) ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਵਿਚ ਛੋਟੀਆਂ ਤੋਂ ਛੋਟੀਆਂ ਜਾਤਾਂ ਦੇ ਲੋਕ ਰੂਹਾਨੀ ਰਸਤੇ ਤੇ ਚੱਲਣ ਯੋਗ ਸਨ।

**ਬਹੁਤ ਛੋਟੇ ਪ੍ਰਸ਼ਨ (ਇੱਕ ਸ਼ਬਦ ਤੋ ਇੱਕ ਵਾਕ ਤੱਕ):**

i) ਗੁਰੂ ਨਾਨਕ ਸਾਹਿਬ ਦਾ ਜਨਮ ਕਿਥੇ ਹੋਇਆ?

ii) ਗੁਰੂ ਨਾਨਕ ਸਾਹਿਬ ਦੀ ਪਤਨੀ ਦਾ ਨਾਂ ਕੀ ਸੀ?

iii) ਗੁਰੂ ਨਾਨਕ ਸਾਹਿਬ ਦੀਆਂ ਦੋ ਰਚਨਾਵਾਂ ਦੇ ਨਾਂ ਦਸੋ।

iv) ਗੁਰੂ ਨਾਨਕ ਸਾਹਿਬ ਅਨੁਸਾਰ ਕਿਸ ਦੀ ਜੋਤਿ ਹਰ ਵਿਅਕਤੀ ਅਤੇ ਵਸਤੂ ਵਿੱਚ ਹੈ?

v) ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਸਮਾਜ ਦੇ ਕਿਹੜੇ ਹਿੱਸੇ ਨਾਲ ਜੋੜਿਆ?

vi) ਗੁਰੂ ਨਾਨਕ ਸਾਹਿਬ ਦੀ ਨਜ਼ਰ ਵਿਚ ਮਨੁੱਖ ਅਤੇ ਪ੍ਰਮੇਸ਼ਰ ਵਿਚਾਲੇ ਮਨੋਵਿਗਿਆਨਕ ਰੁਕਾਵਟ ਕਿਹੜੀ ਹੈ?

vii) ਗੁਰੂ ਨਾਨਕ ਸਾਹਿਬ ਦੁਆਰਾ ਰੱਬ ਦੀ ਮਿਹਰ ਲਈ ਵਰਤੇ ਗਏ ਦੋ ਸ਼ਬਦ ਕਿਹੜੇ ਹਨ?

viii) ਗੁਰੂ ਨਾਨਕ ਸਾਹਿਬ ਅਨੁਸਾਰ ਮਨੁੱਖ ਦੇ ਪੰਜ ਦੁਸ਼ਮਣ ਕਿਹੜੇ ਹਨ?

ix) ਕੀ ਗੁਰੂ ਨਾਨਕ ਸਾਹਿਬ ਨੇ ਸੰਸਾਰ ਤਿਆਗ ਤੇ ਵਿਚਾਰ ਦਾ ਸਮਰਥਨ ਕੀਤਾ?

x) ਕਰਤਾਰਪੁਰ ਕਿਥੇ ਸਥਿਤ ਹੈ?

**ਭਾਗ–ਅ**

**2. ਛੋਟੇ ਉੱਤਰਾਂ ਵਾਲੇ ਪ੍ਰਸ਼ਨ (35–40 ਸ਼ਬਦ)**

i) ਜਾਤ–ਪਾਤ ਬਾਰੇ ਗੁਰੂ ਨਾਨਕ ਸਾਹਿਬ ਦੇ ਵਿਚਾਰ ਕੀ ਹਨ?

ii) ਜੋਗੀਆਂ ਬਾਰੇ ਗੁਰੂ ਨਾਨਕ ਸਾਹਿਬ ਦੀ ਕੀ ਰਾਇ ਸੀ?

iii) ਉਲੇਮਾ ਪ੍ਰਤੀ ਗੁਰੂ ਨਾਨਕ ਸਾਹਿਬ ਦਾ ਕੀ ਵਤੀਰਾ ਸੀ?

iv) ਕੀ ਗੁਰੂ ਨਾਨਕ ਸਾਹਿਬ ਸੂਫੀ ਸ਼ੇਖਾਂ ਨੂੰ ਪੂਰੀ ਪ੍ਰਵਾਨਗੀ ਦਿੰਦੇ ਹਨ?

v) ਗੁਰੂ ਨਾਨਕ ਸਾਹਿਬ ਨੇ ਖੱਤਰੀਆਂ ਦੀ ਆਲੋਚਨਾ ਕਿਉਂ ਕੀਤੀ?

vi) ਭਾਈ ਲਹਿਣਾ ਨੂੰ ਗੁਰੂ ਨਾਨਕ ਸਾਹਿਬ ਦਾ ਉੱਤਰਾਧਿਕਾਰੀ ਥਾਪਣ ਦੀ ਕੀ ਮਹੱਤਤਾ ਸੀ?

vii) ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂਆਂ ਦਾ ਸਮਾਜਿਕ ਪਿਛੋਕੜ ਕੀ ਸੀ?

**ਭਾਗ–ੲ**

**3. ਵੱਡੇ ਉੱਤਰਾਂ ਵਾਲੇ ਪ੍ਰਸ਼ਨ (100–150 ਸ਼ਬਦ)**

i) ਸਮਕਾਲੀ ਪ੍ਰਸ਼ਾਸਨ ਪ੍ਰਤੀ ਗੁਰੂ ਨਾਨਕ ਸਾਹਿਬ ਦੇ ਵਿਚਾਰ ਕੀ ਸਨ?

ii) ਆਪਣੇ ਸਮੇਂ ਦੇ ਸਮਾਜ ਦੀ ਗੁਰੂ ਨਾਨਕ ਸਾਹਿਬ ਨੇ ਕੀ ਸਮੀਖਿਆ ਕੀਤੀ?

iii) ਸਮਕਾਲੀ ਧਰਮਾਂ ਲਈ ਗੁਰੂ ਨਾਨਕ ਸਾਹਿਬ ਦੀ ਪ੍ਰਤੀਕ੍ਰਿਆ ਉਤੇ ਟਿੱਪਣੀ ਕਰੋ।

iv) ਗੁਰੂ ਨਾਨਕ ਸਾਹਿਬ ਦੇ ਪ੍ਰਮੇਸ਼ਰ ਦੇ ਸੰਕਲਪ ਬਾਰੇ ਦੱਸੋ।

v) ਗੁਰੂ ਨਾਨਕ ਸਾਹਿਬ ਦੇ ਧਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਸਨ?

vi) ਕਰਤਾਰਪੁਰ ਵਿਖੇ ਸਿੱਖ ਪੰਥ ਬਾਰੇ ਤੁਸੀਂ ਕੀ ਜਾਣਦੇ ਹੋ?